**ਬੌਧਿਕ ਤੌਰ ਤੇ ਅਸਮਰਥ ਬੱਚਿਆਂ ਦਾ ਸਮਰਥਨ ਕਿਵੇਂ ਕਰਨਾ ਹੈ**

ਸਿੱਖਿਆ ਬਿਊਰੋ 2022

**ਜਾਣ-ਪਛਾਣ**

ਮਾਤਾ ਪਿਤਾ ਹਮੇਸ਼ਾ ਆਪਣੇ ਬੱਚਿਆਂ ਦੀ ਕਾਬਲੀਅਤ ਨੂੰ ਨਿਖਾਰਣ ਲਈ ਵਧੀਆ ਜੀਵਨ ਅਤੇ ਸਿੱਖਣ ਦਾ ਮਾਹੌਲ ਦੇਣਾ ਚਾਹੁੰਦੇ ਹਨ। ਵਿਸ਼ੇਸ਼ ਵਿਦਿਅਕ ਲੋੜਾਂ (SEN) ਵਾਲੇ ਬੱਚਿਆਂ ਨੂੰ ਜਲਦੀ ਪਛਾਣ ਅਤੇ ਸਹਾਇਤਾ ਪ੍ਰਦਾਨ ਕਰਨਾ ਉਹਨਾਂ ਦੇ ਰੋਜ਼ਾਨਾ ਜੀਵਨ ਅਤੇ ਸਿੱਖਣ ਦੇ ਵਾਤਾਵਰਣ ਵਿੱਚ ਅਨੁਕੂਲ ਸਹੂਲਤ ਦੇਵੇਗਾ, ਅਤੇ ਉਹਨਾਂ ਦੀਆਂ ਸੰਭਾਵਨਾਵਾਂ ਦਾ ਵਿਕਾਸ ਕਰੇਗਾ।

**ਬੌਧਿਕ ਅਯੋਗਤਾ (ID) ਕੀ ਹੈ?**

ID ਦਾ ਮੁੱਖ ਤੌਰ ਤੇ ਮਤਲਬ ਹੈ ਉਪ-ਔਸਤ ਬੌਧਿਕ ਯੋਗਤਾ ਜਿਸ ਦੇ ਨਾਲ ਸਿੱਖਣ ਅਤੇ ਜੀਵਨ ਵਿੱਚ ਅਨੁਕੂਲ ਹੋਣ ਵਿੱਚ ਕਈ ਮੁਸ਼ਕਲਾਂ ਆਉਂਦੀਆਂ ਹਨ। ਇੱਕੋ ਉਮਰ ਦੇ ਹਾਣੀਆਂ ਦੀ ਤੁਲਨਾ ਵਿੱਚ, ID ਵਾਲੇ ਬੱਚੇ ਆਮ ਤੌਰ ਤੇ ਹੇਠਾਂ ਦਿੱਤੇ ਖੇਤਰਾਂ ਦੇ ਵਿੱਚ ਸਮੱਸਿਆ ਦਾ ਸਾਹਮਣਾ ਕਰਦੇ ਹਨ:

- ਬੋਧ: ਅਮੂਰਤ ਅਤੇ ਤਾਰਕਿਕ ਤਰਕ ਵਿੱਚ ਤੁਲਨਾਤਮਕ ਤੌਰ ਤੇ ਕਮਜ਼ੋਰ, ਅਤੇ ਗਿਆਨ ਦੀ ਇੰਟੀਗ੍ਰੇਸ਼ਨ ਅਤੇ ਜਨਰਲਾਈਜ਼ੇਸ਼ਨ ਵਿੱਚ ਘੱਟ ਯੋਗਤਾ ਹੋਣਾ;
- ਮੈਮੋਰੀ: ਮੈਮੋਰੀ ਸਿਸਟਮ ਵਿੱਚ ਕਮਜ਼ੋਰੀ, ਅਤੇ ਰਟਣ ਲਈ ਯਾਦ ਰਖਣ ਤੇ ਬਹੁਤ ਜ਼ਿਆਦਾ ਨਿਰਭਰ ਕਰਨਾ;
- ਧਿਆਨ: ਧਿਆਨ ਦੇਣ ਦੀ ਮਿਆਦ ਘੱਟ ਹੈ, ਅਤੇ ਆਸਾਨੀ ਨਾਲ ਧਿਆਨ ਭਟਕ ਜਾਂਦਾ ਹੈ;
- ਭਾਸ਼ਾ: ਸਮਝ ਅਤੇ ਪ੍ਰਗਟਾਵੇ ਵਿੱਚ ਮੁਸ਼ਕਲ, ਸੀਮਤ ਸ਼ਬਦਾਵਲੀ, ਸਧਾਰਨ ਵਾਕ ਪੈਟਰਨ, ਭਾਸ਼ਣ ਦੇਣ ਵਿੱਚ ਮੁਸ਼ਕਿਲ ਆਉਣਾ;
- ਅਨੁਭਵੀ ਮੋਟਰ: ਲਚਕੀਲਾ ਸਰੀਰ ਅਤੇ ਅੱਖਾਂ-ਹੱਥ ਦਾ ਤਾਲਮੇਲ ਹੋਣਾ
- ਅਨੁਕੂਲ ਹੁਨਰ: ਰੋਜ਼ਾਨਾ ਸਵੈ-ਸੰਭਾਲ ਅਤੇ ਸਮਾਜਿਕ ਹੁਨਰਾਂ ਵਿੱਚ ਤੁਲਨਾਤਮਕ ਰੂਪ ਵਿੱਚ ਕਮਜ਼ੋਰ।

**ਮਾਤਾ ਪਿਤਾ ਦੀਆਂ ਭੂਮਿਕਾਵਾਂ**

**ਮੈਨੂੰ ਸ਼ੱਕ ਹੈ ਕਿ ਮੇਰੇ ਬੱਚੇ ਨੂੰ ID ਹੋ ਸਕਦੀ ਹੈ...**

- ਸਪੈਸ਼ਲ ਐਜੂਕੇਸ਼ਨਲ ਨੀਡਸ ਕੋਆਰਡੀਨੇਟਰ (SENCO), ਕਲਾਸ ਟੀਚਰ, ਵਿਦਿਆਰਥੀ ਮਾਰਗਦਰਸ਼ਨ ਕਰਮਚਾਰੀਆਂ ਜਾਂ ਸਕੂਲ ਦੇ ਸਮਾਜਿਕ ਵਰਕਰਾਂ ਨਾਲ ਸੰਪਰਕ ਸ਼ੁਰੂ ਕਰੋ, ਤਾਂ ਜੋ ਸਕੂਲ ਢੁਕਵੇਂ ਮੁਲਾਂਕਣਾਂ ਅਤੇ ਮਾਰਗਦਰਸ਼ਨ ਸੇਵਾਵਾਂ ਦੀ ਵਿਵਸਥਾ ਕਰ ਸਕੇ।

**ਮੇਰੇ ਬੱਚੇ ਦਾ ਮੁਲਾਂਕਣ ਕੀਤਾ ਗਿਆ ਹੈ ਅਤੇ ਉਸਨੂੰ ID ਹੈ...**

- ਸਕੂਲ ਨੂੰ ਆਪਣੇ ਬੱਚੇ ਦੀ SEN ਜਾਣਕਾਰੀ ਤੁਰੰਤ ਅਤੇ ਕਿਰਿਆਸ਼ੀਲ ਤੌਰ ਤੇ ਦਵੋ
- ਸਕੂਲ ਦੀ ਵਿਦਿਆਰਥੀ ਸਹਾਇਤਾ ਟੀਮ, ਕਲਾਸ ਅਧਿਆਪਕ ਅਤੇ ਵਿਸ਼ਾ ਅਧਿਆਪਕਾਂ ਨਾਲ ਗੱਲ ਕਰੋ ਤਾਂ ਜੋ ਸਕੂਲ ਵਿੱਚ ਤੁਹਾਡੇ ਬੱਚੇ ਦੀ ਸਿੱਖਿਆ ਨੂੰ ਸਮਝ ਸਕੋ; ਅਤੇ ਲੋੜ ਪੈਣ ਤੇ ਉਹਨਾਂ ਨਾਲ ਉਚਿਤ ਸਹਾਇਤਾ ਨੀਤੀਆਂ ਬਾਰੇ ਚਰਚਾ ਕਰੋ
- ਆਪਣੇ ਬੱਚੇ ਪ੍ਰਤੀ ਆਪਣੀਆਂ ਮੰਗਾਂ ਅਤੇ ਉਮੀਦਾਂ ਨੂੰ ਉਸਦੀ ਕਾਬਲੀਅਤ ਦੇ ਅਨੁਸਾਰ ਵਿਵਸਥਿਤ ਕਰੋ

- ਕੁਸ਼ਲ ਸਿੱਖਿਆ ਸੁਵਿਧਾ ਲਈ ਘਰ ਵਿੱਚ ਢੁਕਵੇਂ ਪ੍ਰਬੰਧ ਕਰੋ, ਜਿਵੇਂ
    - ਆਪਣੇ ਬੱਚੇ ਨੂੰ ਪੜ੍ਹਾਈ ਕਰਨ ਦੇ ਲਈ ਸ਼ਾਂਤ ਅਤੇ ਭਟਕਣ ਮੁਕਤ ਵਾਤਾਵਰਨ ਦਵੋ
    - ਇੱਕ ਨਿਯਮਿਤ ਘਰੇਲੂ ਸਮਾਂ-ਸਾਰਣੀ ਸੈਟ ਅਪ ਕਰੋ, ਜਿਸ ਨਾਲ ਕੰਮਾਂ ਦੇ ਵਿਚਕਾਰ ਬਰੇਕ ਮਿਲਣ
    - ਨਿਯਮਿਤ ਕਾਰਜ ਕ੍ਰਮ ਮੁਤਾਬਕ ਚਲੋ ਅਤੇ ਉਸਦੇ ਦਿਨ ਬਾਰੇ ਜਰੁਰ ਜਾਨੋਂ ਅਤੇ ਤੁਹਾਡੇ ਬੱਚੇ ਦੇ ਸਕੂਲ ਜਾਣ ਤੋਂ ਪਹਿਲਾਂ ਉਸਨੂੰ ਸਹੀ ਤਰ੍ਹਾਂ ਵਿਵਹਾਰ ਕਰਨਾ ਯਾਦ ਦਿਲਾਓ।
    - ਚੰਗੀ ਕਾਰਗੁਜ਼ਾਰੀ ਨੂੰ ਮਜ਼ਬੂਤ ਕਰਨ ਲਈ ਤੁਰੰਤ ਅਤੇ ਵਿਸ਼ੇਸ਼ ਤੌਰ 'ਤੇ ਆਪਣੇ ਬੱਚੇ ਦੇ ਸਹੀ ਵਿਵਹਾਰ ਦੀ ਪ੍ਰਸ਼ੰਸਾ ਕਰੋ
- ਆਪਣੇ ਬੱਚੇ ਦੀ ਸਿੱਖਣ ਵਿੱਚ ਮਦਦ ਕਰਨ ਲਈ ਹੇਠਾਂ ਕਥਿਤ ਸਮਰਥਨ ਨੀਤੀਆਂ ਅਪਣਾਓ:
    - ਸਪਸ਼ਟ ਬਣੋ: ਆਪਣੇ ਬੱਚੇ ਨੂੰ ਤੁਲਨਾਤਮਕ ਰੂਪ ਵਿੱਚ ਗੁੰਝਲਦਾਰ ਅਤੇ ਅਮੂਰਤ ਸੰਕਲਪਾਂ ਨੂੰ ਸਮਝਣ ਵਿੱਚ ਮਦਦ ਕਰਨ ਲਈ ਸਪਸ਼ਟ ਉਦਾਹਰਣਾਂ ਦੀ ਵਰਤੋਂ ਕਰੋ ਅਤੇ ਜਾਣਕਾਰੀ ਦਿਓ, ਉਦਾਹਰਨ ਲਈ, ਗਣਿਤ ਦੀਆਂ ਗਣਨਾਵਾਂ ਸਿਖਾਉਣ ਲਈ ਠੋਸ ਵਸਤੂਆਂ ਦੀ ਵਰਤੋਂ ਕਰੋ, ਕਿਸੇ ਕੰਮ ਵਿੱਚ ਹਰ ਕਦਮ ਬਾਰੇ ਦੱਸੋ ਅਤੇ ਤੁਹਾਡੇ ਬੱਚੇ ਨੂੰ ਨਕਲ ਕਰਨ ਅਤੇ ਅਭਿਆਸ ਕਰਨ ਦਿਓ।
    - ਸਿੱਖਣ ਲਈ ਬਹੁ-ਸੰਵੇਦੀ ਪਹੁੰਚ: ਤੁਹਾਡੇ ਬੱਚੇ ਨੂੰ ਖਾਸ ਸਿੱਖਣ ਦੀ ਜਾਣਕਾਰੀ ਨੂੰ ਸਮਝਣ ਵਿੱਚ ਮਦਦ ਕਰਨ ਲਈ ਬਹੁ-ਸੰਵੇਦੀ ਸਿੱਖਣ ਦੀ ਜਾਣਕਾਰੀ, ਜਿਵੇਂ, ਠੋਸ ਵਸਤੂਆਂ, ਤਸਵੀਰਾਂ, ਕਹਾਣੀਆਂ, ਚਾਰਟ/ਟੇਬਲ ਆਦਿ ਦੀ ਵਰਤੋਂ ਕਰੋ।
    - ਰੋਜ਼ ਦੇ ਜੀਵਨ ਨਾਲ ਜੁੜਿਆ: ਰੋਜ਼ ਦੇ ਜੀਵਨ ਵਿੱਚ ਆਪਣੇ ਬੱਚੇ ਨੂੰ ਸਿਖਾਉਣ ਲਈ, ਸਿੱਖਣ ਨੂੰ ਰੋਜ਼ਾਨਾ ਜੀਵਨ ਨਾਲ ਜੋੜਨ ਦੇ ਹਰ ਮੌਕੇ ਦਾ ਫਾਇਦਾ ਉਠਾਓ, ਉਦਾਹਰਨ ਲਈ, ਖਰੀਦਦਾਰੀ ਕਰਨ ਵੇਲੇ ਆਪਣੇ ਬੱਚੇ ਨੂੰ ਖੁਲੇ ਪੈਸਿਆਂ ਨੂੰ ਕੈਲਕੁਲੇਟ ਕਰਨ ਅਤੇ ਪੈਕੇਜਾਂ ਦੇ ਵੇਰਵੇ ਨੂੰ ਪੜ੍ਹਨ ਲਈ ਉਤਸ਼ਾਹਿਤ ਕਰੋ।
    - ਛੋਟੇ ਕਦਮਾਂ ਦੇ ਵਿੱਚ ਸਿੱਖਣਾ: ਕੰਮਾਂ ਨੂੰ ਪੜਾਵਾਂ ਵਿੱਚ ਵੰਡੋ, ਉਪ-ਟੀਚੇ ਨਿਰਧਾਰਤ ਕਰੋ, ਉਹਨਾਂ ਨੂੰ ਇੱਕ-ਇੱਕ ਕਰਕੇ ਸਿਖਾਓ ਅਤੇ ਕਾਫ਼ੀ ਰਿਹਰਸਲ ਕਰਨਾ ਸਿਖਾਓ
    - ਵਾਰ-ਵਾਰ ਸਿੱਖਣ ਅਤੇ ਅਭਿਆਸ ਕਰਨ ਲਈ ਸੂਚਨਾ ਟੇਕ੍ਨਾਲੋਜੀ ਅਤੇ ਪਰਸਪਰ ਵਿਦਿਅਕ ਸੌਫਟਵੇਅਰ ਦੀ ਵਰਤੋਂ ਕਰੋ

- ਆਪਣੇ ਬੱਚੇ ਦੀ ਪ੍ਰਾਪਤੀ ਅਤੇ ਆਤਮ-ਵਿਸ਼ਵਾਸ ਦੀ ਭਾਵਨਾ ਨੂੰ ਵਧਾਉਣ ਲਈ, ਅਤੇ ਉਸ ਦੀਆਂ ਸ਼ਕਤੀਆਂ ਨੂੰ ਵਧਾਉਣ ਲਈ ਅਰਥਪੂਰਨ ਮਨੋਰੰਜਨ ਗਤੀਵਿਧੀਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰੋ

**ਸਮਰਥਨ ਸੇਵਾਵਾਂ ਅਤੇ ਨੀਤੀਆਂ**

ਆਮ ਤੌਰ 'ਤੇ, ਮਾਹਿਰਾਂ ਦੇ ਮੁਲਾਂਕਣ ਅਤੇ ਸਿਫ਼ਾਰਿਸ਼ਾਂ ਅਤੇ ਮਾਪਿਆਂ ਦੀ ਸਹਿਮਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਸਿੱਖਿਆ ਬਿਊਰੋ ID ਵਾਲੇ ਵਿਦਿਆਰਥੀਆਂ ਨੂੰ ਤੀਬਰ ਸਹਾਇਤਾ ਲਈ ਢੁਕਵੇਂ ਖਾਸ ਸਕੂਲਾਂ ਵਿੱਚ ਰੱਖੇਗਾ। ਸਕੂਲ ਵਿਦਿਆਰਥੀਆਂ ਦੀਆਂ ਲੋੜਾਂ ਦੇ ਅਨੁਸਾਰ ਹੇਠਾਂ ਕਥਿਤ ਸਮਰਥਨ ਦਿੱਤਾ ਜਾਵੇਗਾ:

**ਖਾਸ ਸਕੂਲ**

ID ਵਾਲੇ ਬੱਚਿਆਂ ਲਈ ਤਿੰਨ ਤਰ੍ਹਾਂ ਦੇ ਖਾਸ ਸਕੂਲ ਸਕੂਲ ਹਨ - ਹਲਕੇ, ਦਰਮਿਆਨੇ ਅਤੇ ਗੰਭੀਰ ਗ੍ਰੇਡ, ਜੋ ID ਦੀਆਂ ਵੱਖ-ਵੱਖ ਡਿਗਰੀਆਂ ਵਾਲੇ ਵਿਦਿਆਰਥੀਆਂ ਨੂੰ ਸਿੱਖਿਆ ਸੇਵਾਵਾਂ ਦਿੰਦੇ ਹਨ। ਇਹ ਸਕੂਲ ਪ੍ਰਾਇਮਰੀ ਇੱਕ ਤੋਂ ਸੈਕੰਡਰੀ ਛੇ ਤੱਕ ਕਲਾਸਾਂ ਚਲਾਉਂਦੇ ਹਨ, ਜਿਸਦਾ ਪਾਠਕ੍ਰਮ ਬੁਨਿਆਦੀ ਵਿਸ਼ਿਆਂ ਦੇ ਗਿਆਨ ਅਤੇ ਹੁਨਰ ਸਿੱਖਿਆ, ਸਵੈ-ਸਮਝ ਨੂੰ ਵਧਾਉਣ ਅਤੇ ਸਮਾਜ ਨਾਲ ਸੰਬੰਧਾਂ ਦੇ ਨਾਲ-ਨਾਲ ਸੁਤੰਤਰ ਜੀਵਨ ਲਈ ਹੁਨਰ ਨਾਲ ਜੁੜਿਆ ਹੈ ।

**ਆਮ ਸਕੂਲ**

➢ **"3-ਟੀਅਰ ਇੰਟਰਵੈਂਸ਼ਨ ਮਾਡਲ"**

- ਵਿਦਿਆਰਥੀਆਂ ਨੂੰ ਟੀਅਰ-1 ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕਰੋ ਜੋ ਕਿ ਕੁਸ਼ਲ ਸਿੱਖਿਆ ਤਰੀਕਿਆਂ ਅਤੇ ਅਧਿਆਪਨ ਜਾਣਕਾਰੀ ਨੂੰ ਅਪਣਾ ਕੇ, ਅਤੇ ਵਿਦਿਆਰਥੀਆਂ ਦੀ ਸਿੱਖਿਆ ਪ੍ਰਗਤੀ ਦੀ ਨਿਰੰਤਰ ਨਿਗਰਾਨੀ ਦੇ ਅਧਾਰ ਤੇ ਹਦਾਇਤਾਂ ਵਿੱਚ ਸਮਾਯੋਜਨ ਕਰਕੇ ਹੋਵੇਗਾ; ਅਜਿਹਾ ਕਰਨ ਨਾਲ, ਕਲਾਸ ਵਿੱਚ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ ਅਤੇ ਸਿੱਖਣ ਅਤੇ ਸਮਾਜਿਕ ਪਰਸਪਰ ਗਲਬਾਤ ਵਿੱਚ ਉਹਨਾਂ ਦੀ ਅਨੁਕੂਲਤਾ ਨੂੰ ਵਧਾਇਆ ਜਾ ਸਕਦਾ ਹੈ।
- ਟੀਅਰ-2 "ਐਡ-ਆਨ" ਇੰਟਰਵੈਂਸ਼ਨ ਸਮਰਥਨ ਦੀ ਵਿਵਸਥਾ ਕਰੋ, ਉਦਾਹਰਨ ਲਈ, ਛੋਟੇ ਸਮੂਹ ਦੀ ਸਿਖਲਾਈ, ਸਕੂਲ ਤੋਂ ਬਾਅਦ ਉਪਾਅ ਪ੍ਰੋਗਰਾਮ, ਪੁੱਲ-ਆਊਟ ਉਪਾਅ ਪ੍ਰੋਗਰਾਮ, ਆਦਿ; ਅਜਿਹਾ ਕਰਨ ਨਾਲ, ਵਿਦਿਆਰਥੀ ਮਹੱਤਵਪੂਰਨ ਸਿੱਖਣ ਦੇ ਸੰਕਲਪਾਂ ਜਾਂ ਹੁਨਰਾਂ ਵਿੱਚ ਮੁਹਾਰਤ ਹਾਸਲ ਕਰ ਸਕਦੇ ਹਨ, ਉਹਨਾਂ ਨੇ ਆਮ ਕਲਾਸਾਂ ਵਿੱਚ ਜੋ ਕੁਝ ਸਿੱਖਿਆ ਹੈ ਉਸ ਨੂੰ ਬਿਹਤਰ ਕਰ ਸਕਦੇ ਹਨ, ਜਾਂ ਆਪਣੇ ਸਵੈ-ਸੰਭਾਲ ਅਤੇ ਸਮਾਜਿਕ ਹੁਨਰ ਨੂੰ ਬਿਹਤਰ ਕਰ ਸਕਦੇ ਹਨ।
- ID ਵਾਲੇ ਵਿਦਿਆਰਥੀਆਂ ਨੂੰ ਅਕਾਦਮਿਕ ਵਿਸ਼ਿਆਂ, ਸਮਾਜਿਕ ਹੁਨਰਾਂ, ਅਤੇ ਅਨੁਕੂਲ ਜੀਵਨ ਹੁਨਰਾਂ ਨੂੰ ਸਿੱਖਣ ਵਿੱਚ ਮਹੱਤਵਪੂਰਨ ਮੁਸ਼ਕਲਾਂ ਆਉਂਦੀਆਂ ਹਨ। ਆਮ ਤੌਰ 'ਤੇ, ਉਹਨਾਂ ਨੂੰ ਵਿਅਕਤੀਗਤ ਟੀਅਰ-3 ਸਹਾਇਤਾ ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ। ਸਕੂਲ ਉਹਨਾਂ ਲਈ "ਵਿਅਕਤੀਗਤ ਸਿੱਖਿਆ ਯੋਜਨਾਵਾਂ" ਤਿਆਰ ਕਰਨਗੇ ਅਤੇ ਉਹਨਾਂ ਦੀਆਂ ਲੋੜਾਂ ਦੇ ਆਧਾਰ 'ਤੇ ਉਚਿਤ ਵਿਅਕਤੀਗਤ ਸਿੱਖਣ ਦੇ ਉਦੇਸ਼ਾਂ ਨੂੰ ਸਥਾਪਤ ਕਰਨ ਲਈ ਉਹਨਾਂ ਦੇ ਮਾਪਿਆਂ ਨਾਲ ਚਰਚਾ ਕਰਨਗੇ, ਵਿਅਕਤੀਗਤ ਤੌਰ 'ਤੇ ਉਚਿਤ ਸਿਖਲਾਈ ਦੇਣਗੇ ਅਤੇ ਉਹਨਾਂ ਦੀ ਸਿੱਖਣ ਦੀ ਪ੍ਰਗਤੀ ਅਤੇ ਯੋਜਨਾਵਾਂ ਦੀ ਪ੍ਰਭਾਵਸ਼ੀਲਤਾ 'ਤੇ ਨਿਯਮਤ ਸਮੀਖਿਆ ਕਰਨਗੇ।

➢ ID ਵਾਲੇ ਵਿਦਿਆਰਥੀਆਂ ਦੀ ਪੂਰਤੀ ਕਰਨ ਲਈ ਸਕੂਲਾਂ ਦੁਆਰਾ ਅਕਸਰ ਸਹਾਇਤਾ ਨੀਤੀਆਂ ਦੀ ਵਰਤੋਂ ਕੀਤੀ ਜਾਂਦੀ ਹੈ

ਕੰਮ ਦਾ ਵਿਸ਼ਲੇਸ਼ਣ

ਅਧਿਆਪਨ ਦੀ ਜਾਣਕਾਰੀ ਨੂੰ ਛੋਟੇ ਕਦਮਾਂ ਵਿੱਚ ਵੰਡੋ। ਇੱਕ ਗੁੰਝਲਦਾਰ ਸੰਕਲਪ ਲਈ, ਹਰ ਵਾਰ ਸੰਕਲਪ ਦੇ ਇੱਕ ਹਿੱਸੇ ਨੂੰ ਸਿਖਾਉਣ 'ਤੇ ਧਿਆਨ ਕੇਂਦ੍ਰਤ ਕਰੋ ਤਾਂ ਜੋ ਵਿਦਿਆਰਥੀ ਕਦਮ ਦਰ ਕਦਮ ਇਸ ਵਿੱਚ ਮੁਹਾਰਤ ਹਾਸਲ ਕਰ ਸਕਣ।

ਸਕੈਫੋਲਡਿੰਗ

ਵਿਦਿਆਰਥੀਆਂ ਦੀ ਸਿੱਖਿਆ ਵਿੱਚ ਸਹਾਇਤਾ ਕਰਨ ਲਈ ਅਧਿਆਪਨ ਪ੍ਰਕਿਰਿਆ ਦੌਰਾਨ ਵੱਖ-ਵੱਖ ਸਕੈਫੋਲਡਿੰਗ ਸੈਟਅਪ ਕਰੋ, ਜਿਵੇਂ ਕਿ, ਠੋਸ ਵਸਤੂ ਡਿਸਪਲੇ, ਮੌਖਿਕ ਮਾਰਗਦਰਸ਼ਨ, ਡਾਈਗ੍ਰਾਮ ਚਿੱਤਰ, ਉਦਾਹਰਣਾਂ, ਸ਼ਬਦਾਵਲੀ ਪ੍ਰਦਾਨ ਕਰਨਾ, ਲਿਖਤੀ ਫਰੇਮਵਰਕ, ਆਦਿ।

ਉਚਿਤ ਵਿਵਹਾਰ ਸਹਿਯੋਗ

ਵਿਹਾਰ ਸੰਬੰਧੀ ਵਿਸ਼ਲੇਸ਼ਣ ਦੁਆਰਾ, ਵਿਦਿਆਰਥੀਆਂ ਦੀ ਸਮੱਸਿਆ ਵਾਲੇ ਵਿਵਹਾਰ ਨੂੰ ਉਚਿਤ ਕਲਾਸਰੂਮ ਅਨੁਕੂਲਨ ਵਿਵਹਾਰ ਅਤੇ ਸਿੱਖਣ ਦੇ ਭਾਗੀਦਾਰੀ ਵਿਵਹਾਰ ਨਾਲ ਬਦਲਣ ਦੀ ਯੋਗਤਾ ਦੀ ਸਿਖਲਾਈ ਕਰਨਾ ਅਤੇ ਵਧਾਉਣਾ

ਸਾਥੀਆਂ ਦਾ ਸਪੋਰਟ

ID ਵਾਲੇ ਵਿਦਿਆਰਥੀਆਂ ਅਤੇ ਉਹਨਾਂ ਦੇ ਸਾਥੀਆਂ ਵਿਚਕਾਰ ਆਪਸੀ ਤਾਲਮੇਲ ਨੂੰ ਉਤਸ਼ਾਹਿਤ ਕਰੋ, ਉਦਾਹਰਨ ਲਈ, ID ਵਾਲੇ ਵਿਦਿਆਰਥੀਆਂ ਦੇ ਨਾਲ ਬੈਠਣ ਲਈ ਫਰੈਂਡਲੀ ਸਾਥੀਆਂ ਨੂੰ ਕਹੋ, ਜਾਂ ਵਿਦਿਆਰਥੀਆਂ ਦੇ ਪੀਅਰ ਇੰਟਰੈਕਸ਼ਨ ਗਰੁੱਪਾਂ ਵਿੱਚ ਹਿੱਸਾ ਲੈਣ ਦਾ ਪ੍ਰਬੰਧ ਕਰੋ

ਭਾਸ਼ਣ ਅਤੇ ਸੰਚਾਰ ਸਿਖਲਾਈ

ਲੋੜਵੰਦ ਵਿਦਿਆਰਥੀਆਂ ਲਈ ਸਮੂਹ ਜਾਂ ਵਿਅਕਤੀਗਤ ਭਾਸ਼ਣ ਅਤੇ ਸੰਚਾਰ ਸਿਖਲਾਈ ਦਵੋ

➢ ਪੇਸ਼ੇਵਰ ਸਹਾਇਤਾ

ਮੁਲਾਂਕਣ, ਸਲਾਹ ਅਤੇ ਪੇਸ਼ੇਵਰ ਸਹਾਇਤਾ ਸੰਬੰਧੀ ਸੇਵਾਵਾਂ ਦੇਣ ਲਈ ਸਕੂਲ-ਅਧਾਰਤ ਵਿਦਿਅਕ ਮਨੋਵਿਗਿਆਨੀ, ਸਪੀਚ ਥੈਰੇਪਿਸਟ, ਆਦਿ ਦੀ ਵਿਵਸਥਾ ਕਰੋ।

**ਸਵਾਲਾਂ ਲਈ ਉਪਯੋਗੀ ਵੈੱਬਸਾਈਟਾਂ ਅਤੇ ਟੈਲੀਫ਼ੋਨ ਨੰਬਰ**

**ਸਿੱਖਿਆ ਬਿਊਰੋ**

http://www.edb.gov.hk

| | |
|---|---|
| ਹਾਂਗਕਾਂਗ ਖੇਤਰੀ ਸਿੱਖਿਆ ਦਫਤਰ | 2863 4646 |
| ਕੌਲੂਨ ਖੇਤਰੀ ਸਿੱਖਿਆ ਦਫ਼ਤਰ | 3698 4108 |
| ਨਿਊ ਟੈਰੀਟਰੀਜ਼ ਪੂਰਬੀ ਖੇਤਰੀ ਸਿੱਖਿਆ ਦਫ਼ਤਰ | 2639 4876 |
| ਨਿਊ ਟੈਰੀਟਰੀਜ਼ ਪੱਛਮੀ ਖੇਤਰੀ ਸਿੱਖਿਆ ਦਫ਼ਤਰ | 2437 7272 |
| ਵਿਸ਼ੇਸ਼ ਸਿੱਖਿਆ ਤੇ ਆਮ ਸਵਾਲ | 3698 3957 |
| ਵਿਦਿਅਕ ਮਨੋਵਿਗਿਆਨ ਸੇਵਾ ਸੈਕਸ਼ਨ | |
| • ਹਾਂਗਕਾਂਗ | 3695 0486 |
| • ਕੌਲੂਨ | 3698 4321/ 3907 0949 |
| • ਨਿਊ ਟੈਰੀਟਰੀਜ਼ ਈਸਟ | 3547 2228 |
| • ਨਿਊ ਟੈਰੀਟਰੀਜ਼ ਪੱਛਮੀ | 2437 7270 |

**"SENSE" ਏਕੀਕ੍ਰਿਤ ਸਿੱਖਿਆ ਅਤੇ ਵਿਸ਼ੇਸ਼ ਸਿੱਖਿਆ ਜਾਣਕਾਰੀ ਔਨਲਾਈਨ**

https://sense.edb.gov.hk

• ID ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਬਾਰੇ ਜਾਣਕਾਰੀ

https://sense.edb.gov.hk/en/types-of-special-educational-needs/intellectual-disability/index.html

• "ਏਕੀਕ੍ਰਿਤ ਸਿੱਖਿਆ ਲਈ ਪੂਰੇ ਸਕੂਲ ਪਹੁੰਚ ਬਾਰੇ ਮਾਪਿਆਂ ਦੀ ਗਾਈਡ"

https://sense.edb.gov.hk/uploads/page/integrated-education/guidelines/ieparentguide.pdf

• "ਏਕੀਕ੍ਰਿਤ ਸਿੱਖਿਆ ਲਈ ਪੂਰੇ ਸਕੂਲ ਪਹੁੰਚ" ਤੇ ਆਪ੍ਰੇਸ਼ਨ ਗਾਈਡ

https://sense.edb.gov.hk/uploads/page/integrated_education/landing/ie_guide_en.pdf

**ਸਿਹਤ ਵਿਭਾਗ**

| | |
|---|---|
| ਬਾਲ ਮੁਲਾਂਕਣ ਸੇਵਾ | https://www.dhcas.gov.hk/en/ |
| ਵਿਦਿਆਰਥੀ ਸਿਹਤ ਸੇਵਾ | https://www.studenthealth.gov.hk/eindex.html |

**ਸਮਾਜ ਭਲਾਈ ਵਿਭਾਗ**

https://www.swd.gov.hk